City of Mississauga
300 City Centre Drive
Mississauga, ON L5B 3C1

MISSISSAUGA

# News Release

Mississauga.ca facebook.com/cityMississauga x.com/cityMississauga

# Mississauga ਗੈਰ-ਕਾਨੂੰਨੀ ਸ਼ੌਰਟ-ਟਰਮ ਰੈਂਟਲ ਤੇ ਕਾਰਵਾਈ ਕਰ ਰਿਹਾ ਹੈ

*ਸਿਟੀ ਵਧੀ ਹੋਈ ਜਾਣਕਾਰੀ, ਲਾਗੂਕਰਨ ਅਤੇ ਜੁਰਮਾਨਿਆਂ ਦੁਆਰਾ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ ਕਿ ਸ਼ੌਰਟ-ਟਰਮ ਰੈਂਟਲ ਆਪਰੇਟਰ ਲਾਇਸੰਸਸ਼ੁਦਾ ਹਨ ਅਤੇ ਸਿਟੀ ਦੇ ਬਾਇ-ਲਾਅਜ ਦੀ ਪਾਲਣਾ ਕਰ ਰਹੇ ਹਨ।*

ਕੀ ਤੁਸੀਂ ਆਪਣੇ ਘਰ, ਜਾਂ ਆਪਣੇ ਘਰ ਦੇ ਹਿੱਸੇ ਨੂੰ, ਥੋੜ੍ਹੇ ਸਮੇਂ ਲਈ ਕਿਰਾਏ 'ਤੇ ਦਿੰਦੇ ਹੋ? ਇਸ ਪਤਝੜ ਤੋਂ ਸ਼ੁਰੂ ਕਰਦੇ ਹੋਏ, ਸਿਟੀ Mississauga ਵਿੱਚ ਚੱਲ ਰਹੇ ਗੈਰ-ਪਾਲਣਾ ਵਾਲੇ ਸ਼ੌਰਟ-ਟਰਮ ਰੈਂਟਲ ਤੇ ਕਾਰਵਾਈ ਕਰਨ ਲਈ ਜਾਣਕਾਰੀ ਅਤੇ ਲਾਗੂਕਰਨ ਦੇ ਆਪਣੇ ਯਤਨਾਂ ਨੂੰ ਵਧਾ ਰਹੀ ਹੈ। ਇਹ ਆਂਢ-ਗਵਾਂਢ ਸਬੰਧੀ ਚਿੰਤਾਵਾਂ ਤੇ ਸਿਟੀ ਦੀ ਕਾਰਵਾਈ ਨੂੰ ਮਜ਼ਬੂਤ ਕਰਨ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ ਕਿ ਸ਼ਹਿਰ ਦੇ ਸਾਰੇ ਖੇਤਰ ਸਾਫ਼-ਸੁਥਰੇ, ਚੰਗੀ ਤਰ੍ਹਾਂ ਰੱਖ-ਰਖਾਅ ਵਾਲੇ ਅਤੇ ਸ਼ਾਂਤ ਹਨ, ਅਤੇ ਇਹ Mississauga ਦੇ ਲੌਂਗ-ਟਰਮ ਹਾਊਸਿੰਗ ਸਪਲਾਈ ਦੀ ਸੁਰੱਖਿਆ ਵਿੱਚ ਵੀ ਮਦਦ ਕਰੇਗਾ।

ਇਸ ਵਿੱਚ ਸਿਟੀ ਦੇ ਸ਼ੌਰਟ-ਟਰਮ ਰੈਂਟਲ ਅਕੋਮੋਡੇਸ਼ਨ ਲਾਇਸੈਂਸਿੰਗ ਬਾਇ-ਲਾਅ (Short-Term Rental Accommodation Licensing By-law) (ਸ਼ੌਰਟ-ਟਰਮ ਰੈਂਟਲ ਬਾਇ-ਲਾਅ) ਦੀ ਉਲੰਘਣਾ ਕਰਨ ਵਾਲੇ ਆਪਰੇਟਰਾਂ ਲਈ ਜੁਰਮਾਨੇ ਵਧਾਉਣਾ ਸ਼ਾਮਲ ਹੈ। ਹਾਊਸਿੰਗ, ਇੰਫਰਾਸਟ੍ਰਕਚਰ ਐਂਡ ਕਮਿਊਨਿਟੀਜ ਕੈਨੇਡਾ (Housing, Infrastructure and Communities Canada) (HICC) ਵੱਲੋਂ ਸਹਿਯੋਗ ਨਾਲ ਅਤੇ ਸੰਘੀ ਸਰਕਾਰ ਦੇ ਸ਼ੌਰਟ-ਟਰਮ ਰੈਂਟਲ ਐਨਫੋਰਸਮੈਂਟ ਫੰਡ (Short-Term Rental Enforcement Fund) (STREF) ਵੱਲੋਂ ਪ੍ਰਾਪਤ 4.75 ਮਿਲੀਅਨ ਡਾਲਰ ਨਾਲ ਸਮਰਥਿਤ, ਸਿਟੀ, ਸ਼ਹਿਰ ਵਿੱਚ ਬਿਨਾਂ ਲਾਇਸੈਂਸ ਵਾਲੇ ਸ਼ੌਰਟ-ਟਰਮ ਰੈਂਟਲ ਦੀ ਗਿਣਤੀ ਨੂੰ ਘਟਾਉਣ ਅਤੇ ਸੈਕਟਰ ਨੂੰ ਬਿਹਤਰ ਢੰਗ ਨਾਲ ਨਿਯਮਤ ਕਰਨ ਲਈ ਆਪਣੇ ਐਨਫੋਰਸਮੈਂਟ ਪ੍ਰੋਗਰਾਮ ਦਾ ਵਿਸਤਾਰ ਕਰ ਰਹੀ ਹੈ।

## Mississauga ਵਿੱਚ ਸ਼ੌਰਟ-ਟਰਮ ਰੈਂਟਲ

ਸ਼ੌਰਟ-ਟਰਮ ਰੈਂਟਲ ਉਸ ਘਰ, ਜਾਂ ਘਰ ਦੇ ਹਿੱਸੇ ਨੂੰ ਮੰਨਿਆ ਜਾਂਦਾ ਹੈ, ਜਿਸਨੂੰ ਲਗਾਤਾਰ 30 ਦਿਨਾਂ ਜਾਂ ਇਸ ਤੋਂ ਘੱਟ ਸਮੇਂ ਲਈ ਕਿਰਾਏ 'ਤੇ ਦਿੱਤਾ ਜਾਂਦਾ ਹੈ। ਇਹਨਾਂ ਨੂੰ ਅਕਸਰ Airbnb, Vrbo, ਅਤੇ Booking.com ਵਰਗੇ ਪਲੇਟਫਾਰਮਾਂ ਰਾਹੀਂ ਬੁੱਕ ਕੀਤੇ ਜਾਣ ਵਾਲੇ ਇਹ ਰੈਂਟਲ, ਮਹਿਮਾਨਾਂ ਨੂੰ ਵਧੇਰੇ ਲੋਕਲ ਜਾਂ ਕਿਫਾਇਤੀ ਰਿਹਾਇਸ਼ ਦਾ ਵਿਕਲਪ ਪ੍ਰਦਾਨ ਕਰਦੇ ਹਨ। ਇਹ ਵਸਨੀਕਾਂ ਨੂੰ ਵਾਧੂ ਆਮਦਨ ਪੈਦਾ ਕਰਨ ਦਾ ਮੌਕਾ ਵੀ ਪ੍ਰਦਾਨ ਕਰਦੇ ਹਨ। Mississauga ਦੇ ਸ਼ੌਰਟ-ਟਰਮ ਰੈਂਟਲ ਬਾਇ-ਲਾਅ ਦੇ ਅਨੁਸਾਰ, ਵਸਨੀਕ ਸਿਰਫ ਆਪਣੇ ਮੁੱਖ ਨਿਵਾਸ (ਉਦਾਹਰਨ ਲਈ, ਜਿਸ ਘਰ ਵਿੱਚ ਉਹ ਸਾਲ ਦਾ ਜ਼ਿਆਦਾਤਰ ਸਮਾਂ ਰਹਿੰਦੇ ਹਨ) ਤੋਂ ਹੀ ਸ਼ੌਰਟ-ਟਰਮ ਰੈਂਟਲ ਚਲਾ ਸਕਦੇ ਹਨ ਅਤੇ ਉਨ੍ਹਾਂ ਕੋਲ ਸਿਟੀ ਦਾ ਸ਼ੌਰਟ-ਟਰਮ ਰੈਂਟਲ ਲਾਇਸੰਸ ਹੋਣਾ ਲਾਜ਼ਮੀ ਹੈ।

1 ਅਪ੍ਰੈਲ, 2025 ਤੱਕ, Mississauga ਵਿੱਚ ਲਗਭਗ 1,855 ਸ਼ੌਰਟ-ਟਰਮ ਰੈਂਟਲ ਦਾ ਇਸ਼ਤਿਹਾਰ ਦਿੱਤਾ ਗਿਆ ਸੀ, ਜਿਨ੍ਹਾਂ ਵਿੱਚੋਂ ਸਟਾਫ ਨੇ 1,554 ਨੂੰ ਸ਼ੌਰਟ-ਟਰਮ ਰੈਂਟਲ ਵਜੋਂ ਯੋਗ ਪਾਇਆ। 1 ਅਪ੍ਰੈਲ, 2025 ਤੱਕ, ਇਨ੍ਹਾਂ ਵਿੱਚੋਂ 510 ਸ਼ੌਰਟ-ਟਰਮ ਰੈਂਟਲਸ ਕੋਲ ਸਿਟੀ ਦਾ ਲਾਇਸੰਸ ਹੈ। ਦਸੰਬਰ 2021 ਅਤੇ 1 ਅਪ੍ਰੈਲ, 2025 ਦੇ ਵਿਚਕਾਰ, ਸਟਾਫ ਨੇ 2000 ਤੋਂ ਵੱਧ ਸੇਵਾ ਬੇਨਤੀਆਂ ਦਾ ਜਵਾਬ ਦਿੱਤਾ, ਜਿਸਦੇ ਨਤੀਜੇ ਵਜੋਂ 1,315 ਉਲੰਘਣਾ ਨੋਟਿਸ ਅਤੇ ਸਿਰਫ ਸ਼ੌਰਟ-ਟਰਮ ਰੈਂਟਲ ਬਾਇ-ਲਾਅ ਦੀ ਉਲੰਘਣਾ ਲਈ 404 ਜੁਰਮਾਨੇ ਹੋਏ। ਗੈਰ-ਪਾਲਣਾ ਦੀਆਂ ਇਹਨਾਂ ਵਿੱਚੋਂ ਬਹੁਤ ਸਾਰੀਆਂ ਘਟਨਾਵਾਂ ਵਿੱਚ ਸ਼ਾਮਲ ਹਨ, ਵਸਨੀਕਾਂ ਦੁਆਰਾ ਬਿਨਾਂ ਲਾਇਸੰਸ ਦੇ ਸ਼ੌਰਟ-ਟਰਮ ਰੈਂਟਲ ਚਲਾਉਣਾ, ਇੱਕ ਤੋਂ ਵੱਧ ਰੈਂਟਲ ਚਲਾਉਣਾ, ਜਾਂ ਅਜਿਹੇ ਘਰ ਤੋਂ ਚਲਾਉਣਾ, ਜਿੱਥੇ ਉਹ ਸਾਲ ਦਾ ਜ਼ਿਆਦਾਤਰ ਸਮਾਂ ਨਹੀਂ ਰਹਿੰਦੇ। 17 ਨਵੰਬਰ, 2025 ਤੋਂ ਪ੍ਰਭਾਵੀ, ਸ਼ੌਰਟ-ਟਰਮ ਰੈਂਟਲ ਬਾਇ-ਲਾਅ ਦੀ ਉਲੰਘਣਾ ਲਈ ਜੁਰਮਾਨੇ ਵਧਾ ਕੇ, ਘੱਟੋ-ਘੱਟ 500 ਡਾਲਰ ਅਤੇ ਵੱਧ ਤੋਂ ਵੱਧ 1,000 ਤੱਕ ਕਰ ਦਿੱਤੇ ਜਾਣਗੇ, ਤਾਂ ਜੋ ਪਾਲਣਾ ਨੂੰ ਬਿਹਤਰ ਢੰਗ ਨਾਲ ਉਤਸ਼ਾਹਿਤ ਕੀਤਾ ਜਾ ਸਕੇ।

## Mississauga ਦੇ ਲੌਂਗ-ਟਰਮ ਰੈਂਟਲ ਹਾਊਸਿੰਗ ਦੀ ਸਪਲਾਈ ਦੀ ਰੱਖਿਆ ਕਰਨਾ

HICC ਦੁਆਰਾ ਦਿੱਤੇ ਗਏ STREF ਦਾ ਮਕਸਦ, ਸ਼ੌਰਟ-ਟਰਮ ਰੈਂਟਲ ਯੂਨਿਟਾਂ ਨੂੰ ਸੀਮਤ ਕਰਨ ਵਿੱਚ Mississauga ਵਰਗੀਆਂ ਮਿਊਨਿਸਿਪਲਟੀਜ ਦੀ ਮਦਦ ਕਰਨਾ ਹੈ, ਜੋ ਲੌਂਗ-ਟਰਮ ਰੈਂਟਲ ਹਾਊਸਿੰਗ ਮਾਰਕੀਟ ਨੂੰ ਘਟਾ ਦਿੰਦੇ ਹਨ। ਸ਼ੌਰਟ-ਟਰਮ ਰੈਂਟਲ ਐਨਫੋਰਸਮੈਂਟ ਪ੍ਰੋਗਰਾਮ ਦਾ ਵਿਸਤਾਰ ਕਰਕੇ, ਸਿਟੀ ਦਾ

ਮਕਸਦ ਇਹ ਯਕੀਨੀ ਬਣਾਉਣਾ ਹੈ ਕਿ Mississauga ਵਿੱਚ ਸ਼ੌਰਟ-ਟਰਮ ਰੈਂਟਲ ਸੁਰੱਖਿਅਤ ਅਤੇ ਚੰਗੀ ਤਰ੍ਹਾਂ ਰੱਖ-ਰਖਾਅ ਵਾਲੇ ਹਨ, ਅਤੇ ਲੌਂਗ-ਟਰਮ ਰੈਂਟਲ ਹਾਊਸਿੰਗ ਸਟੌਕ ਸੁਰੱਖਿਅਤ ਹੈ ਅਤੇ ਇਸਦੀ ਵਰਤੋਂ ਸ਼ੌਰਟ-ਟਰਮ ਰੈਂਟਲ ਵਜੋਂ ਨਹੀਂ ਕੀਤੀ ਜਾਂਦੀ।

**ਜਾਣਕਾਰੀ ਅਤੇ ਲਾਗੂਕਰਨ ਦੇ ਯਤਨਾਂ ਨੂੰ ਵਧਾਉਣਾ**

ਸਿਟੀ ਇਹ ਯਕੀਨੀ ਬਣਾਉਣ ਲਈ ਕੰਮ ਕਰਦੀ ਹੈ ਕਿ ਸ਼ੌਰਟ-ਟਰਮ ਰੈਂਟਲ ਆਪਰੇਟਰ ਲਾਇਸੰਸਸ਼ੁਦਾ ਹੋਣ, ਆਪਣੇ ਰੈਂਟਲ ਨੂੰ ਸੁਰੱਖਿਅਤ ਢੰਗ ਨਾਲ ਚਲਾ ਰਹੇ ਹੋਣ, ਅਤੇ ਸ਼ਹਿਰ ਦੇ ਸ਼ੌਰਟ-ਟਰਮ ਰੈਂਟਲ ਬਾਇ-ਲਾਅ ਅਤੇ ਹੋਰ ਸਾਰੇ ਬਾਇ-ਲਾਅਜ ਦੀ ਪਾਲਣਾ ਕਰ ਰਹੇ ਹੋਣ, ਜਿਵੇਂ ਕਿ ਪ੍ਰਾਪਰਟੀ ਸਟੈਂਡਰਡਸ, ਸ਼ੋਰ, ਪਾਰਕਿੰਗ, ਗੜਬੜੀ ਪੈਦਾ ਕਰਨ ਵਾਲੇ ਇਕੱਠ ਅਤੇ ਕੂੜਾ।

HICC ਵੱਲੋਂ ਸਹਿਯੋਗ ਅਤੇ STREF ਵੱਲੋਂ 4.75 ਮਿਲੀਅਨ ਡਾਲਰ, ਸਿਟੀ ਨੂੰ ਇਸਦੇ ਬਾਇ-ਲਾਅਜ ਦੀ ਪਾਲਣਾ ਵਿੱਚ ਸੁਧਾਰ ਕਰਨ ਅਤੇ ਸ਼ੌਰਟ-ਟਰਮ ਰੈਂਟਲ ਵਾਲੇ ਵਸਨੀਕਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਵਿੱਚ ਮਦਦ ਕਰਨਗੇ। ਅਜਿਹਾ, ਸਿਟੀ ਦਾ ਵਾਧੂ ਸਟਾਫ ਰੱਖ ਕੇ ਕੀਤਾ ਜਾਵੇਗਾ, ਜਿਸ ਵਿੱਚ ਐਨਫੋਰਸਮੈਂਟ ਅਧਿਕਾਰੀ ਵੀ ਸ਼ਾਮਲ ਹਨ, ਤਾਂ ਜੋ:

- ਗੈਰ-ਲਾਇਸੈਂਸ ਸ਼ੌਰਟ-ਟਰਮ ਰੈਂਟਲ ਦੀ ਸਰਗਰਮੀ ਨਾਲ ਪਛਾਣ ਕੀਤੀ ਜਾ ਸਕੇ।
- ਇਹ ਪੁਸ਼ਟੀ ਕਰਨ ਲਈ ਕਿ ਆਪਰੇਟਰ, ਸਿਟੀ ਦੇ ਸਾਰੇ ਬਾਇ-ਲਾਅਜ ਦੀ ਪਾਲਣਾ ਕਰ ਰਹੇ ਹਨ, ਸਰਗਰਮ ਆਨ-ਸਾਈਟ ਜਾਂਚਾਂ ਮੁਕੰਮਲ ਕੀਤੀਆਂ ਜਾਣ।
- ਲਾਇਸੰਸਿੰਗ ਪ੍ਰਕਿਰਿਆ ਦੇ ਹਿੱਸੇ ਵਜੋਂ ਲਾਜ਼ਮੀ ਨਿਰੀਖਣ ਕੀਤੇ ਜਾਣ।
- ਸ਼ਿਕਾਇਤਾਂ ਤੇ ਕਾਰਵਾਈ ਕਰਨ ਦੀ ਸਮਰੱਥਾ ਨੂੰ ਵਧਾਇਆ ਜਾਵੇ ਅਤੇ ਜਦੋਂ ਲੋੜ ਹੋਵੇ ਤਾਂ ਚਿਤਾਵਨੀਆਂ ਅਤੇ ਜੁਰਮਾਨੇ ਜਾਰੀ ਕੀਤੇ ਜਾਣ।
- ਆਪਰੇਟਰਾਂ ਅਤੇ ਉਨ੍ਹਾਂ ਦੇ ਮਹਿਮਾਨਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਜਾਣਕਾਰੀ ਦਿੱਤੀ ਜਾਵੇ।
- ਵਸਨੀਕਾਂ ਨੂੰ ਚਿੰਤਾਵਾਂ ਦੀ ਰਿਪੋਰਟ ਕਰਨ ਬਾਰੇ ਸੂਚਿਤ ਕੀਤਾ ਜਾਵੇ।
- ਲਾਇਸੰਸ ਅਰਜ਼ੀਆਂ ਦੀ ਸਮੀਖਿਆ ਅਤੇ ਪ੍ਰਕਿਰਿਆ ਕੀਤੀ ਜਾਵੇ।

**Mississauga ਵਿੱਚ ਸ਼ੌਰਟ-ਟਰਮ ਰੈਂਟਲ ਦਾ ਸੰਚਾਲਨ**

Mississauga ਵਿੱਚ ਸ਼ੌਰਟ-ਟਰਮ ਰੈਂਟਲ ਚਲਾਉਣ ਲਈ, ਵਸਨੀਕਾਂ ਲਈ ਇਹ ਲਾਜ਼ਮੀ ਹੈ:

- ਸਿਟੀ ਦਾ ਇੱਕ ਵੈਧ ਸ਼ੌਰਟ-ਟਰਮ ਰੈਂਟਲ ਲਾਇਸੈਂਸ ਰੱਖਣ। ਇਹ ਲਾਇਸੈਂਸ ਹਰ ਸਾਲ ਖਤਮ ਹੋ ਜਾਂਦਾ ਹੈ ਅਤੇ ਇਸ਼ਤਿਹਾਰ ਦੇਣ ਅਤੇ ਚਲਾਉਣ ਲਈ ਇਸਨੂੰ ਨਵਿਆਉਣਾ ਲਾਜ਼ਮੀ ਹੈ।
- ਯਕੀਨੀ ਬਣਾਉਣ ਕਿ ਉਨ੍ਹਾਂ ਦੀ ਪ੍ਰਾਪਰਟੀ ਅਤੇ ਮਹਿਮਾਨ ਸਿਟੀ ਦੇ ਸਾਰੇ ਬਾਇ-ਲਾਅਜ ਦੀ ਪਾਲਣਾ ਕਰਦੇ ਹਨ, ਉਹਨਾਂ ਬਾਇ-ਲਾਅਜ ਸਮੇਤ, ਜੋ ਸ਼ੋਰ, ਪਰੇਸ਼ਾਨੀ ਪੈਦਾ ਕਰਨ ਵਾਲੇ ਇਕੱਠ, ਰੋਸ਼ਨੀ, ਕੂੜਾ-ਕਰਕਟ ਅਤੇ ਪਾਰਕਿੰਗ ਨੂੰ ਨਿਯਮਤ ਕਰਦੇ ਹਨ।
- ਜੇਕਰ ਕੰਡੋਮੀਨੀਅਮ ਵਿੱਚ ਰਹਿੰਦੇ ਹੋਣ, ਤਾਂ ਸ਼ੌਰਟ-ਟਰਮ ਰੈਂਟਲ ਬਾਰੇ ਆਪਣੇ ਕੰਡੋਮੀਨੀਅਮ ਦੇ ਨਿਯਮਾਂ ਨੂੰ ਸਮਝਣ ਅਤੇ ਉਹਨਾਂ ਦੀ ਪਾਲਣਾ ਕਰਨ।
- ਸ਼ੌਰਟ-ਟਰਮ ਰੈਂਟਲ ਲਈ ਸਾਰੇ ਪ੍ਰਿੰਟ ਅਤੇ ਆਨਲਾਈਨ ਇਸ਼ਤਿਹਾਰਾਂ 'ਤੇ ਸਿਟੀ ਦੇ ਆਪਣੇ ਲਾਇਸੈਂਸ ਨੰਬਰ ਨੂੰ ਸ਼ਾਮਲ ਕਰਨ।

ਕੰਡੋਮੀਨੀਅਮ ਵਿੱਚ ਸ਼ੌਰਟ-ਟਰਮ ਰੈਂਟਲ ਚਲਾਉਣ ਵਾਲੇ ਵਸਨੀਕਾਂ ਨੂੰ ਉਨ੍ਹਾਂ ਦੇ ਕੰਡੋਮੀਨੀਅਮ ਕਾਰਪੋਰੇਸ਼ਨ ਤੋਂ ਲਿਖਤੀ ਇਜਾਜ਼ਤ ਲੈਣੀ ਪਵੇਗੀ, ਜਿਸ ਵਿੱਚ ਇਹ ਦੱਸਿਆ ਗਿਆ ਹੋਵੇ ਕਿ ਸ਼ੌਰਟ-ਟਰਮ ਰੈਂਟਲ ਦੀ ਇਜਾਜ਼ਤ ਹੈ।

ਜਿਹੜੇ ਵਸਨੀਕ ਆਪਣੇ ਘਰ ਦੇ ਮਾਲਕ ਨਹੀਂ ਹਨ, ਅਤੇ ਸ਼ੌਰਟ-ਟਰਮ ਰੈਂਟਲ ਚਲਾਉਂਦੇ ਹਨ, ਉਨ੍ਹਾਂ ਨੂੰ ਵੀ ਪ੍ਰਾਪਰਟੀ ਦੇ ਮਾਲਕ ਤੋਂ ਲਿਖਤੀ ਇਜਾਜ਼ਤ ਲੈਣੀ ਪਵੇਗੀ। ਉਨ੍ਹਾਂ ਨੂੰ ਰੈਜ਼ੀਡੈਂਸ਼ੀਅਲ ਟੈਨੈਂਸੀਜ਼ ਐਕਟ (Residential Tenancies Act) ਅਤੇ ਉਨ੍ਹਾਂ ਦੇ ਲੀਜ਼ ਸਮਝੌਤੇ ਦੇ ਅਧੀਨ ਆਪਣੀਆਂ ਜ਼ਿੰਮੇਵਾਰੀਆਂ ਬਾਰੇ ਵੀ ਪਤਾ ਹੋਣਾ ਚਾਹੀਦਾ ਹੈ।

ਆਪਣੇ ਆਂਢ-ਗੁਆਂਢ ਵਿੱਚ ਸ਼ੌਰਟ-ਟਰਮ ਰੈਂਟਲ ਬਾਰੇ ਫਿਕਰਮੰਦ ਵਸਨੀਕ, 311 'ਤੇ ਕਾਲ ਕਰਕੇ ਰਿਪੋਰਟ ਕਰ ਸਕਦੇ ਹਨ।

Mississauga ਵਿੱਚ ਸ਼ੌਰਟ-ਟਰਮ ਰੈਂਟਲ ਚਲਾਉਣ ਬਾਰੇ ਹੋਰ ਜਾਣਨ ਲਈ, Mississauga.ca/sta 'ਤੇ ਜਾਓ।

## ਹਵਾਲੇ

“ਸ਼ੌਰਟ-ਟਰਮ ਰੈਂਟਲ, ਸਾਡੀ ਟੂਰਿਜਮ ਇੰਡਸਟਰੀ ਦੀ ਹਿਮਾਇਤ ਕਰਨ ਅਤੇ ਸੈਲਾਨੀਆਂ ਨੂੰ ਵਿਲੱਖਣ ਅਤੇ ਲੋਕਲ ਤਰੀਕੇ ਨਾਲ Mississauga ਦਾ ਅਨੁਭਵ ਕਰਨ ਵਿੱਚ ਭੂਮਿਕਾ ਨਿਭਾਉਂਦੇ ਹਨ। ਇਸਦੇ ਨਾਲ ਹੀ, ਸਾਨੂੰ ਲਾਜ਼ਮੀ ਤੌਰ ‘ਤੇ ਲੌਂਗ-ਟਰਮ ਹਾਊਸਿੰਗ ਦੀ ਉਪਲਬਧਤਾ ਨੂੰ ਪਹਿਲ ਦੇਣੀ ਚਾਹੀਦੀ ਹੈ। ਘਰ ਸਭ ਤੋਂ ਪਹਿਲਾਂ ਲੋਕਾਂ ਦੇ ਰਹਿਣ ਲਈ ਥਾਵਾਂ ਹੋਣੇ ਚਾਹੀਦੇ ਹਨ। ਜਦੋਂ ਘਰ ਥੋੜ੍ਹੇ ਸਮੇਂ ਰਹਿਣ ਲਈ ਹੁੰਦੇ ਹਨ, ਤਾਂ ਇਸ ਨਾਲ ਲੋੜੀਂਦੇ ਲੌਂਗ-ਟਰਮ ਹਾਊਸਿੰਗ ਲਈ ਉਪਲਬਧ ਥਾਵਾਂ ਦੀ ਸੰਖਿਆ ਘੱਟ ਜਾਂਦੀ ਹੈ। ਫੈਡਰਲ ਸਰਕਾਰ ਦੇ ਸਹਿਯੋਗ ਨਾਲ, ਅਸੀਂ ਇਹ ਯਕੀਨੀ ਬਣਾਉਣ ਲਈ ਕਾਰਵਾਈ ਕਰ ਰਹੇ ਹਾਂ ਕਿ ਸ਼ੌਰਟ-ਟਰਮ ਰੈਂਟਲ ਸਾਡੇ ਬਾਇ-ਲਾਅਜ ਅਨੁਸਾਰ ਚਲਾਏ ਜਾਣ ਅਤੇ ਲੌਂਗ-ਟਰਮ ਹਾਊਸਿੰਗ ਘਟਣ ਦਾ ਕਾਰਨ ਨਾ ਬਣਨ।” - Mississauga ਦੀ ਮੇਅਰ Carolyn Parrish

“ਸਾਡਾ ਸ਼ੌਰਟ-ਟਰਮ ਰੈਂਟਲ ਬਾਇ-ਲਾਅ ਜ਼ਿੰਮੇਵਾਰ ਮੇਜ਼ਬਾਨੀ ਅਤੇ ਆਂਢ-ਗੁਆਂਢ ਦੀ ਸਥਿਰਤਾ ਦੀ ਹਿਮਾਇਤ ਕਰਨ 'ਤੇ ਜ਼ੋਰ ਦਿੰਦਾ ਹੈ। ਅਸੀਂ ਭਾਈਚਾਰੇ ਦੀ ਗੱਲ ਸੁਣ ਰਹੇ ਹਾਂ ਅਤੇ ਅਸੀਂ ਤੁਹਾਡੀਆਂ ਚਿੰਤਾਵਾਂ ਨੂੰ ਵੀ ਸੁਣਦੇ ਹਾਂ। ਜਾਣਕਾਰੀ 'ਤੇ ਵਧੇਰੇ ਧਿਆਨ, ਬਿਹਤਰ ਲਾਗੂਕਰਨ, ਅਤੇ ਜੁਰਮਾਨਿਆਂ ਵਿੱਚ ਵਾਧਾ ਕਰਕੇ, ਅਸੀਂ ਇਹ ਯਕੀਨੀ ਬਣਾਉਣ ਲਈ ਕਾਰਵਾਈ ਕਰ ਰਹੇ ਹਾਂ ਕਿ ਆਪਰੇਟਰ ਸ਼ਹਿਰ ਦੇ ਬਾਇ-ਲਾਅ ਅਤੇ ਪ੍ਰਾਪਰਟੀ ਸਟੈਂਡਰਡਸ ਨੂੰ ਸਮਝਣ ਅਤੇ ਉਨ੍ਹਾਂ ਦੀ ਪਾਲਣਾ ਕਰਨ। ਫੈਡਰਲ ਫੰਡਿੰਗ ਅਤੇ ਬਾਇ-ਲਾਅ ਦੀ ਉਲੰਘਣਾ ਕਰਨ 'ਤੇ ਜੁਰਮਾਨੇ ਵਧਾਉਣ ਲਈ ਕਾਉਂਸਿਲ ਦੀ ਹਿਮਾਇਤ ਦੇ ਕਾਰਨ, ਅਸੀਂ ਭਾਈਚਾਰੇ ਦੀਆਂ ਚਿੰਤਾਵਾਂ ਤੇ ਕਾਰਵਾਈ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਬਿਹਤਰ ਢੰਗ ਨਾਲ ਤਿਆਰ ਹਾਂ ਕਿ ਆਪਰੇਟਰਾਂ ਅਤੇ ਵਸਨੀਕਾਂ, ਦੋਵਾਂ ਨੂੰ ਬਿਹਤਰ ਢੰਗ ਨਾਲ ਸੂਚਨਾ ਅਤੇ ਸਹਿਯੋਗ ਮਿਲਦਾ ਹੈ।” - Raj Sheth, ਕਮਿਸ਼ਨਰ, ਕਮਿਊਨਿਟੀ ਸਰਵਿਸਿਜ

“ਸ਼ੌਰਟ-ਟਰਮ ਰੈਂਟਲ ਐਨਫੋਰਸਮੈਂਟ ਫੰਡ ਦੇ ਰਾਹੀਂ, ਸਾਡੀ ਫੈਡਰਲ ਸਰਕਾਰ, ਲੋਕਲ ਹਾਊਸਿੰਗ ਐਨਫੋਰਸਮੈਂਟ ਨੂੰ ਮਜ਼ਬੂਤ ਕਰਨ ਅਤੇ ਲੌਂਗ-ਟਰਮ ਰੈਂਟਲ ਸਪਲਾਈ ਦੀ ਸੁਰੱਖਿਆ ਲਈ, Mississauga ਵਰਗੇ ਭਾਈਚਾਰਿਆਂ ਦੇ ਨਾਲ ਭਾਈਵਾਲੀ ਕਰ ਰਹੀ ਹੈ। ਇਸ ਸ਼ਹਿਰ ਦੀ ਨੁਮਾਇੰਦਗੀ ਕਰਨ ਵਾਲਾ ਹੋਣ ਵਜੋਂ, ਮੈਂ ਦੇਖਿਆ ਹੈ ਕਿ ਪਰਿਵਾਰਾਂ ਨੂੰ ਰਹਿਣ ਦੀ ਜਗ੍ਹਾ ਲੱਭਣ ਦਾ ਇੱਕ ਨਿਰਪੱਖ ਮੌਕਾ ਮਿਲਣਾ ਕਿੰਨਾ ਮਹੱਤਵਪੂਰਨ ਹੈ, ਅਤੇ ਇਹ ਉਨ੍ਹਾਂ ਘਰਾਂ ਦੀ ਸੁਰੱਖਿਆ ਨਾਲ ਸ਼ੁਰੂ ਹੁੰਦਾ ਹੈ, ਜਿਨ੍ਹਾਂ 'ਤੇ ਲੋਕ ਨਿਰਭਰ ਕਰਦੇ ਹਨ। ਇਹ ਫੰਡਿੰਗ ਸਿਟੀ ਦੇ ਯਤਨਾਂ ਦੀ ਹਿਮਾਇਤ ਕਰਦੀ ਹੈ, ਤਾਂ ਜੋ Mississauga ਅਤੇ ਦੇਸ਼ਭਰ ਵਿੱਚ ਲੋੜਵੰਦ ਪਰਿਵਾਰਾਂ ਲਈ ਵੱਧ ਤੋਂ ਵੱਧ ਘਰ ਉਪਲਬਧ ਰਹਿਣ।" - ਸਨਮਾਨਯੋਗ Rechie Valdez, ਮਹਿਲਾ ਅਤੇ ਲਿੰਗ ਸਮਾਨਤਾ ਮੰਤਰੀ ਅਤੇ ਰਾਜ ਸਕੱਤਰ (ਛੋਟੇ ਕਾਰੋਬਾਰ ਅਤੇ ਟੂਰਿਜਮ), ਸਨਮਾਨਯੋਗ Gregor Robertson, ਹਾਊਸਿੰਗ ਅਤੇ ਇੰਫਰਾਸਟ੍ਰਕਚਰ ਮੰਤਰੀ ਦੀ ਤਰਫੋਂ


**ਮੀਡੀਆ ਸੰਪਰਕ:**

ਸਿਟੀ ਆਫ Mississauga ਮੀਡੀਆ ਰਿਲੇਸ਼ਨਜ਼

media@Mississauga.ca

905-615-3200, ਐਕਸਟੈਨਸ਼ਨ 5232

TTY: 905-896-5151